**ਪਹਿਲਾਂ ਜਾਰੀ ਕੀਤੀ ਅਧਿਸੂਚਨਾ ਦੀ ਮਿਤੀ ਅਤੇ ਨੰਬਰ ਦੀ ਲਗਾਤਾਰਤਾ ਵਿੱਚ**

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ -7 ਸ਼ਾਖਾ )
ਅਧਿਸੂਚਨਾ

ਨੰ: 1/62 /2012-3ਸਿੱ7/15 ਮਿਤੀ: ਚੰਡੀਗੜ੍ਹ 08.03.2019

ਸਕੂਲ ਸਿੱਖਿਆ ਵਿਭਾਗ ਦੁਆਰਾ ਜਾਰੀ ਕੀਤੀ ਗਈ ਅਧਿਸੂਚਨਾ ਨੰ:1/62/2012-3ਸਿੱ-7/9 ਮਿਤੀ 07.03.2019 ਰਾਹੀਂ ਸਰਵ ਸਿੱਖਿਆ ਅਭਿਆਨ/ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ (ਆਦਰਸ਼ ਅਤੇ ਮਾਡਲ ਸਕੂਲਾਂ ਸਮੇਤ) 8886 ਭਰਤੀ ਕੀਤੇ ਗਏ ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਲਈ ਨੋਟੀਫਿਕੇਸ਼ਨ ਨੰ: 1/62/12-3ਸਿੱ7/1330634/1 ਮਿਤੀ 09.10.2018 ਚੰਡੀਗੜ੍ਹ ਦੇ ਲੜੀ ਨੰ: 1 ਦੀ ਮਦ 'ਅ' ਵਿੱਚ ਪਰਖ ਕਾਲ ਦਾ ਸਮਾਂ 3 ਸਾਲ ਤੋਂ ਘਟਾ ਕੇ 2 ਸਾਲ ਦਾ ਕਰ ਦਿੱਤਾ ਗਿਆ ਹੈ।

ਇਸੇ ਤਰ੍ਹਾਂ ਮਿਤੀ 9/10/2018 ਨੂੰ ਜਾਰੀ ਕੀਤੇ ਨੋਟੀਫਿਕੇਸ਼ਨ ਨੰ: 1/62/12-3ਸਿੱ7/1330634/1 ਦੇ ਲੜੀ ਨੰ:1 ਦੀ ਮਦ 'ੳ' ਸਬੰਧੀ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹਨਾਂ ਸਾਰੇ ਕਾਡਰਾਂ ਦੇ ਅਧਿਆਪਕਾਂ ਨੂੰ ਮਿਤੀ 01.04.2018 ਤੋਂ 2 ਸਾਲ ਲਈ ਆਪਣੇ ਕਾਡਰ ਦੇ ਪੇਅ ਸਕੇਲ ਦੀ ਮੁੱਢਲੀ ਤਨਖਾਹ +ਗ੍ਰੇਡ ਪੇਅ ਮਿਲਣਯੋਗ ਹੋਵੇਗੀ, ਦੋ ਸਾਲ ਪਰਖ ਕਾਲ ਸਮਾਂ ਪੂਰਾ ਹੋਣ ਉਪਰੰਤ ਉਹਨਾਂ ਨੂੰ ਸਬੰਧਤ ਕਾਡਰ ਦੇ ਪੇਅ ਸਕੇਲ ਵਿੱਚ ਸਾਰੇ ਭੱਤੇ ਸਮੇਤ ਪੂਰੀ ਤਨਖਾਹ ਮਿਲਣਯੋਗ ਹੋਵੇਗੀ।

ਬਾਕੀ ਸ਼ਰਤਾਂ ਅਤੇ ਨਿਯਮ ਪਹਿਲਾਂ ਜਾਰੀ ਕੀਤੀ ਉਕਤ ਨੋਟੀਫਿਕੇਸ਼ਨ ਵਿੱਚ ਕੋਈ ਤਬਦੀਲੀ ਨਹੀਂ ਹੋਵੇਗੀ।

ਮਿਤੀ : ਚੰਡੀਗੜ੍ਹ
08.03.2019

ਕ੍ਰਿਸ਼ਨ ਕੁਮਾਰ
ਸਕੱਤਰ ਸਕੂਲ ਸਿੱਖਿਆ ਵਿਭਾਗ

ਪਿਠ ਅੰਕਣ ਨੰ: 1/62/2012-3ਸਿੱ7/16 ਮਿਤੀ ਚੰਡੀਗੜ੍ਹ 08.03.2019

ਉਤਾਰਾ ਕੰਟਰੋਲਰ , ਛਪਾਈ ਅਤੇ ਲਿਖਣ ਸਮੱਗਰੀ ਭਾਗ, ਯੂ.ਟੀ. ਚੰਡੀਗੜ੍ਹ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਅਧਿਸੂਚਨਾ ਨੂੰ ਪੰਜਾਬ ਸਰਕਾਰ ਦੇ ਸਧਾਰਨ ਗਜਟ ਵਿੱਚ ਛਪਵਾਉਣ ਉਪਰੰਤ ਇਸ ਦੀਆਂ 15 ਕਾਪੀਆਂ ਰਿਕਾਰਡ ਹਿੱਤ ਵਿਭਾਗ ਨੂੰ ਭੇਜੀਆਂ ਜਾਣ।

ਸੁਪਰਡੰਟ

ਪਿਠ ਅੰਕਣ ਨੰ: 1/62/2012-3ਸਿੱ7/17 ਮਿਤੀ ਚੰਡੀਗੜ੍ਹ 08.03.2019

ਉਤਾਰਾ ਸੁਪਰਡੰਟ, ਆਮ ਰਾਜ ਪ੍ਰਬੰਧ (ਮੰਤਰੀ ਮੰਡਲ ਮਾਮਲੇ ਸ਼ਾਖਾ) ਨੂੰ ਉਨ੍ਹਾਂ ਦੀ ਅੰ:ਵਿ:ਪੰ:ਨੰ: 1/51/2009-ਕੈਬਨਿਟ/1877, ਮਿਤੀ 06.03.2019 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਪਿਠ ਅੰਕਣ ਨੰ: 1/62/2012-3ਸਿੱ7/18-20 ਮਿਤੀ ਚੰਡੀਗੜ੍ਹ 08.03.2019

ਉਤਾਰਾ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ /ਡਾਇਰੈਕਟਰ ,ਸਿੱਖਿਆ ਵਿਭਾਗ (ਸੈ.ਸਿੱ/ਐ.ਸਿੱ) ਪੰਜਾਬ, ਫੇਜ਼ -8 ਮੋਹਾਲੀ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਹਨਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਸੁਪਰਡੰਟ

Scanned with CamScanner